**ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ:1, ਅੰਮ੍ਰਿਤਸਰ**

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਅੰਮ੍ਰਿਤਸਰ ।

ਨੰਬਰ 2197 ਮਿਤੀ 22-6-18

ਵਿਸਾ:- : ਕੁਆਲਟੀ ਕੰਟਰੋਲ ਟੀਮ ਵਲੋ ਮਿਤੀ 03-11-2017 ਨੂੰ ਅੰਮ੍ਰਿਤਸਰ ਮੰਡਲ ਨੰਬਰ 1, ਅਧੀਨ ਆਉਂਦੇ ਅੰਮ੍ਰਿਤਸਰ ਸ਼ਹਿਰ ਦੇ ਕੰਮ ਚੈਕ ਕਰਨ ਸੰਬੰਧੀ ।

ਹਵਾਲਾ:- ਮਾਨਯੋਗ ਇੰਜੀਨੀਅਰ ਇੰਨ ਚੀਫ-ਕੰਮ-ਟੈਕਨੀਕਲ ਐਡਵਾਈਜਰ ਸਾਹਿਬ ਜੀ ਦਾ ਪੱਤਰ ਨੰਬਰ 7176 ਮਿਤੀ 26-04-2018 ਮੁੱਖ ਇੰਜੀਨੀਅਰ (ਪੱਛਮੀ) ਜੀ ਦੇ ਪਤੇ ।

ਉਪਰੋਕਤ ਹਵਾਲੇ ਅਧੀਨ ਪੱਤਰ ਦੇ ਸੰਬੰਧ ਵਿੱਚ ਕੁਆਲਟੀ ਕੰਟਰੋਲ ਟੀਮ ਵਲੋ ਮਿਤੀ 03-11-2017 ਨੂੰ ਲਗਾਏ ਗਏ ਇਤਰਾਜਾ ਦਾ ਪੈਰਾਵਾਈਜ ਜੁਆਬ ਹੇਠ ਲਿਖੇ ਅਨੁਸਾਰ ਹੈ ਜੀ:-

**A. Providing & laying RCC NP3 2600mm dia Sewer at Ram Tirath Road, Amritsar.**

1. ਬਾਕੀ 2 ਨੰਬਰ ਰਹਿੰਦੇ ਮੇਨਹੋਲਾਂ ਦਾ ਕੰਮ ਮੁਕੰਮਲ ਕਰਵਾ ਦਿਤਾ ਗਿਆ ਹੈ । PWD (B&R) ਵਲੋ ਸੜਕ ਦਾ ਕੰਮ ਨਾਲ-ਨਾਲ ਕੀਤਾ ਜਾ ਰਿਹਾ ਹੈ ਅਤੇ ਟਰੈਫਿਕ ਸੁਚਾਰੂ ਢੰਗ ਨਾਲ ਚੱਲ ਰਹੀ ਹੈ ।
2. ਮੋਕੇ ਤੇ ਪੀ.ਸੀ.ਸੀ ਤਿਆਰ ਕਰਨ ਲਈ ਮੋਕੇ ਤੇ ਇਕ ਪਿੱਟ ਮਾਰਿਆ ਗਿਆ ਸੀ, ਜਿਸ ਦੀ Brick ਲਾਈਨਿੰਗ ਕੀਤੀ ਗਈ ਸੀ ਅਤੇ ਪਾਈਪ ਦੇ ਬੈਡ ਲਈ ਪੀ.ਸੀ.ਸੀ ਮਕੈਨੀਕਲ ਮਿਕਸੱਚਰ ਨਾਲ ਤਿਆਰ ਕਰਕੇ ਮਿਕਸ ਕੀਤੀ ਗਈ ਪੀ.ਸੀ.ਸੀ ਮਸ਼ੀਨ ਦੀ ਬੱਕਟ ਨਾਲ ਪਾਈ ਜਾ ਰਹੀ ਸੀ, ਕਿਉਕਿ Sandy Strata ਅਤੇ ਸੀਵਰ ਦੀ ਡੂੰਘਾਈ ਜਿਆਦਾ ਹੋਣ ਕਾਰਨ ਅਤੇ ਟਰੈਚ ਦੀ ਮਿੱਟੀ ਦੀ ਮਾਤਰਾ ਪੁਟਾਈ ਦੀ ਸਾਈਟ ਤੇ ਲੱਗ ਜਾਂਦੀ ਹੈ, ਜਿਸ ਕਾਰਨ ਟਰੈਚ ਉਪੱਰ ਮਿਕਸੱਚਰ ਲਗਾਉਣੀ ਸੰਭਵ ਨਹੀ ਹੈ, ਇਸ ਲਈ ਪੀ.ਸੀ.ਸੀ ਮਸ਼ੀਨ ਦੀ ਬੱਕਟ ਨਾਲ ਪਾਈ ਜਾ ਰਹੀ ਸੀ ਅਤੇ ਕੰਪਨੀ ਨੂੰ ਭਵਿੱਖ ਵਿੱਚ ਹੋਣ ਵਾਲੇ ਕੰਮਾਂ ਵਿੱਚ ਸੁਟ ਬਨਾਕੇ ਕੰਕਰੀਟਿੰਗ ਕਰਵਾਉਣ ਦੀ ਹਦਾਇਤਾ ਕਰ ਦਿਤੀਆਂ ਗਈਆਂ ਹਨ ਜੀ ।

**B. 95 MLD STP North Zone (Agency:- M/s. Shapoorji Pallonji Co.)**

1. ਐਸ.ਟੀ.ਪੀ ਉਪੱਰ ਵੱਖ-ਵੱਖ ਸਟਰਕੱਚਰ ਉਤੇ ਲੱਗੀ ਹੋਈ Hand Rail ਦੀ Finishing ਦਾ ਕੰਮ ਮੁਕੰਮਲ ਕਰਵਾ ਦਿਤਾ ਗਿਆ ਹੈ ਜੀ ।
2. ਇਸ ਸੰਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਟੀ.ਪੀ ਨੂੰ ਅਪਗਰੇਡ ਕਰਨ ਲਈ PPCB ਵਲੋ ਨਿਰਧਾਰਿਤ ਪੈਰਾਮੀਟਰ ਯਾਨੀਕਿ BOD 10 mg/Ltr ਕਰਨ ਲਈ ਨਗਰ ਨਿਗਮ, ਅੰਮ੍ਰਿਤਸਰ ਨੂੰ ਲਿਖਿਆ ਗਿਆ ਹੈ ਅਤੇ ਉਨਾਂ ਵਲੋ ਅੰਮ੍ਰਿਤ ਸਕੀਮ ਅਧੀਨ ਅਪਗਰੇਡਿੰਗ ਦਾ ਕੰਮ ਕੀਤਾ ਜਾਣਾ ਹੈ । ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਨਗਰ ਨਿਗਮ, ਅੰਮ੍ਰਿਤਸਰ ਵਲੋ ਮੈਸਰਜ ਸ਼ਾਹ ਟੈਕਨੀਕਲ ਨੂੰ ਐਸ.ਟੀ.ਪੀ ਦੀ ਅਪਗਰੇਡ੍ਹਿੰਗ ਕਰਨ ਲਈ ਲਿੱਖ ਦਿਤਾ ਗਿਆ ਹੈ ਜੀ ।

ਇਹ ਆਪ ਦੀ ਸੂਚਨਾਂ ਅਤੇ ਅਗਲੀ ਜਰੂਰੀ ਕਾਰਵਾਈ ਹਿੱਤ ਹੈ ਜੀ ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ:1,
ਅੰਮ੍ਰਿਤਸਰ ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦੀ ਨਕਲ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਉਪ ਮੰਡਲ ਨੰਬਰ 1 ਅੰਮ੍ਰਿਤਸਰ ਨੂੰ ਉਨਾਂ ਦੇ ਪੱਤਰ ਨੰਬਰ 207 ਮਿਤੀ 22-06-2018 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜੀ ਜਾਂਦੀ ਹੈ ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ:1,
ਅੰਮ੍ਰਿਤਸਰ ।